ਅਕਤੂਬਰ 2022, ਅੰਕ 4

# ALTA ਕਨੈਕਸ਼ਨ

ਤਿਮਾਹੀ ਕਲਾਇੰਟ, ਸੇਵਾ ਪ੍ਰਦਾਤਾ, ਅਤੇ ਸਟਾਫ਼ ਅੱਪਡੇਟ ਨਿਊਜ਼ਲੈਟਰ



ਸਾਡੇ **ਵਿਸ਼ੇਸ਼ ਕਲਾਕਾਰ ਜੇਮਲ ਵਿਲੀਅਮਜ਼** (Jemel Williams)ਬਾਰੇ ਹੋਰ ਪੰਨਾ 8

## ਕਾਰਜਕਾਰੀ ਨਿਦੇਸ਼ਕ ਦਾ ਸੁਨੇਹਾ

*ਕਾਰਜਕਾਰੀ ਨਿਦੇਸ਼ਕ ਲੌਰੀ ਬੈਨੇਲਸ (Lori Banales)*

ਪਤਝੜ ਦਾ ਮੌਸਮ ਆ ਗਿਆ ਹੈ ਅਤੇ ਮੌਸਮਾਂ ਦੀ ਤਬਦੀਲੀ ਦੇ ਨਾਲ, ਸਾਡੀਆਂ ਏਜੰਸੀਆਂ ਦੀਆਂ ਕਈ ਪਹਿਲਕਦਮੀਆਂ ਨੂੰ ਅਗਲੇ ਪੜਾਅ ਵਿੱਚ ਲਿਜਾਣ ਲਈ ਊਰਜਾ ਦੀ ਇੱਕ ਨਵੀਂ ਭਾਵਨਾ ਅਤੇ ਕੇਂਦਰਿਤ ਵਚਨਬੱਧਤਾ ਹੈ। ਅਸੀਂ ਕਈ ਯੋਜਨਾਬੱਧ ਗਤੀਵਿਧੀਆਂ ਵਿਕਸਿਤ ਕੀਤੀਆਂ ਹਨ ਜਿਨ੍ਹਾਂ ਨੂੰ ਜਾਣਬੁੱਝ ਕੇ ਸਾਡੀ ਰਣਨੀਤਕ ਯੋਜਨਾ ਦੇ ਉਦੇਸ਼ਾਂ, ਪ੍ਰਦਰਸ਼ਨ ਦੇ ਇਕਰਾਰਨਾਮੇ ਅਤੇ ਜਲਦੀ ਹੀ ਖੁਲਾਸਾ ਕੀਤੇ ਜਾਣ ਵਾਲੇ ਰਾਜ ਵਿਆਪੀ ਪ੍ਰਦਰਸ਼ਨ ਪ੍ਰੋਤਸਾਹਨ ਉਪਾਵਾਂ ਨਾਲ ਜੋੜਿਆ ਗਿਆ। ਸਾਡੇ ਭਾਈਚਾਰੇ ਨੇ ਦੱਸਿਆ ਕਿ ਉਹਨਾਂ ਲਈ ਮਹੱਤਵਪੂਰਨ ਕੀ ਸੀ ਅਤੇ ACRC ਨੇ ਇਹਨਾਂ ਵਿੱਚੋਂ ਬਹੁਤ ਸਾਰੇ ਸੁਝਾਵਾਂ ਨੂੰ ਸ਼ਾਮਲ ਕੀਤਾ ਹੈ। ਅਸੀਂ ਉਹਨਾਂ ਹਿਤਧਾਰਕਾਂ ਦੇ ਧੰਨਵਾਦੀ ਹਾਂ ਜੋ ਪ੍ਰਕਿਰਿਆ ਵਿੱਚ ਰੁੱਝੇ ਹੋਏ ਹਨ ਅਤੇ ਸਾਡੀ ਭਵਿੱਖ ਦੀ ਯੋਜਨਾਬੰਦੀ ਵਿੱਚ ਯੋਗਦਾਨ ਪਾਉਂਦੇ ਹਨ। ਅਗਲੇ ਦੋ ਮਹੀਨਿਆਂ ਵਿੱਚ, ਜਦੋਂ ਅਸੀਂ ਨੀਤੀ ਉਪਾਵਾਂ ਵਿੱਚ ਬਿਹਤਰ ਨਤੀਜਿਆਂ ਦਾ ਸਮਰਥਨ ਕਰਨ ਲਈ ਨਵੀਆਂ ਗਤੀਵਿਧੀਆਂ ਵਿਕਸਿਤ ਕਰਾਂਗੇ ਜਿਨ੍ਹਾਂ ਨੂੰ ਰਾਜ ਦੁਆਰਾ ਪਛਾਣਿਆ ਗਿਆ ਹੈ, ACRC ਪਿਛਲੇ ਸਾਲ ਵਿੱਚ ਪਛਾਣੀਆਂ ਗਈਆਂ ਕਾਰਗੁਜ਼ਾਰੀ ਇਕਰਾਰਨਾਮੇ ਦੀਆਂ ਗਤੀਵਿਧੀਆਂ ਬਾਰੇ ਇੱਕ ਸੰਖੇਪ ਅੱਪਡੇਟ ਪ੍ਰਦਾਨ ਕਰੇਗਾ ਅਤੇ ਸਾਡੇ ਭਾਈਚਾਰੇ ਨੂੰ ਵਿਚਾਰ ਕਰਨ ਲਈ ਵਾਧੂ ਫੀਡਬੈਕ ਦੀ ਪੇਸ਼ਕਸ਼ ਕਰਨ ਲਈ ਕਹੇਗਾ। ਸਾਡੇ ਕੋਲ ਵਿਚਾਰ ਸਵੀਕਾਰ ਕਰਨ ਲਈ ਇੱਕ ਮਨੋਨੀਤ ਈਮੇਲ ਹੈ: performancecontractfeedback@altaregional.org. ਡਰਾਫਟ ਯੋਜਨਾ ਨੂੰ ਨਵੰਬਰ, 2022 ਦੀ ਬੋਰਡ ਔਫ਼ ਡਾਇਰੈਕਟਰਜ਼ ਦੀ ਮੀਟਿੰਗ ਵਿੱਚ ਸਾਂਝਾ ਕੀਤਾ ਜਾਵੇਗਾ। ਪਬਲਿਕ ਨੋਟਿਸ ਦਿੱਤਾ ਜਾਵੇਗਾ।

ਜਾਰੀ ਪੰਨਾ 2

### ਇਸ ਅੰਕ ਵਿੱਚ ਕੀ ਹੈ:


- ED ਤੋਂ ਸੁਨੇਹਾ
- ਕਲਾਇੰਟ ਸਪੌਟਲਾਈਟ
- ਸਾਰੇ ਸਟਾਫ਼ ਦੀ ਮੀਟਿੰਗ
- ਕਲਾਇੰਟ ਕੋਨਾ
- ਸੈਂਟਾ ਡੇਅ 2022
- ਸੇਵਾ ਪ੍ਰਦਾਤਾ ਸਪੌਟਲਾਈਟ
- ਸਰੋਤ ਅੱਪਡੇਟ
- ਨੰਬਰਾਂ ਦੁਆਰਾ ACRC
- ਵਿਸ਼ੇਸ਼ ਕਲਾਕਾਰ ਪ੍ਰੋਫਾਈਲ

## ਕਾਰਜਕਾਰੀ ਨਿਦੇਸ਼ਕ ਦਾ ਸੁਨੇਹਾ – ਜਾਰੀ ਹੈ

*ਕਾਰਜਕਾਰੀ ਨਿਰਦੇਸ਼ਕ - ਲੌਰੀ ਬੈਨੇਲਸ (Lori Banales)*

ਹਾਲਾਂਕਿ ਗੁਣਵੱਤਾ-ਸੁਧਾਰ ਨੂੰ ਅੱਗੇ ਵਧਾਉਣ ਵਾਲੀਆਂ ਪਹਿਲਕਦਮੀਆਂ ACRC ਲਈ ਮਹੱਤਵਪੂਰਨ ਹਨ, ਇਸੇ ਤਰ੍ਹਾਂ ਸਾਡੇ ਸਟਾਫ ਲਈ ਊਰਜਾ ਦੇ ਨਵੀਨੀਕਰਨ ਅਤੇ ਕੇਂਦਰਿਤ ਵਚਨਬੱਧਤਾ ਵਿਚਕਾਰ ਸਬੰਧ ਵੀ ਮਹੱਤਵਪੂਰਨ ਹੈ। ਅਗਸਤ ਵਿੱਚ, ਅਸੀਂ ਮਈ, 2019 ਤੋਂ ਬਾਅਦ ਆਪਣੀ ਪਹਿਲੀ, ਵਿਅਕਤੀਗਤ ਤੌਰ 'ਤੇ ਸਾਰੇ ਸਟਾਫ ਮੀਟਿੰਗ ਵਿੱਚ ਇਕੱਠੇ ਹੋਣਾ ਸੀ। ਉਹ ਦਿਨ ਜਾਦੂਈ ਸੀ! ਅਸੀਂ ਉਨ੍ਹਾਂ ਸਹਿਕਰਮੀਆਂ ਨਾਲ ਦੁਬਾਰਾ ਮਿਲਣ ਦਾ ਆਨੰਦ ਮਾਣਿਆ ਜਿਨ੍ਹਾਂ ਨੂੰ ਅਸੀਂ ਮਹੀਨਿਆਂ ਜਾਂ ਸਾਲਾਂ ਵਿੱਚ ਨਹੀਂ ਦੇਖਿਆ ਸੀ, ਨਾਲ ਹੀ ਮਾਰਚ, 2020 ਤੋਂ ਨੌਕਰੀ 'ਤੇ ਰੱਖੇ ਗਏ ਬਹੁਤ ਸਾਰੇ ਕਰਮਚਾਰੀਆਂ ਨੂੰ ਮਿਲਣ ਦਾ ਮੌਕਾ ਵੀ ਮਿਲਿਆ। ਅਸੀਂ ਸਾਲਾਂ ਦੀ ਨੌਕਰੀ ਦਾ ਜਸ਼ਨ ਮਨਾਇਆ, ਉਹਨਾਂ ਕਲਾਇੰਟਾਂ ਨੂੰ ਧਿਆਨ ਵਿੱਚ ਲਿਆਂਦਾ ਜਿਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਆਪਣੀ ਪ੍ਰਤਿਭਾ ਨਾਲ ਹੈਰਾਨ ਕਰ ਦਿੱਤਾ ਅਤੇ ਸਿਖਲਾਈ ਦੇ ਕੁਝ ਪਲ ਵੀ ਸ਼ਾਮਲ ਕੀਤੇ। ਅਸੀਂ ਦੁਪਹਿਰ ਦੇ ਖਾਣੇ ਅਤੇ ਨਿਰੰਤਰ ਮਿਤਰਤਾ ਭਾਵ ਦੇ ਨਾਲ ਮੀਟਿੰਗ ਖਤਮ ਕੀਤੀ। ਵਿਅਕਤੀਗਤ ਤੌਰ 'ਤੇ ਇਕੱਠੇ ਹੋਣ ਨੇ ਸੰਬੰਧਾਂ ਦੀ ਮਹੱਤਤਾ ਅਤੇ ਸਾਡੇ ਕੰਮਕਾਜੀ ਭਾਈਚਾਰੇ ਦੀ ਸ਼ਕਤੀ ਨੂੰ ਉਤਸ਼ਾਹਿਤ ਕੀਤਾ। ਹਵਾ ਵਿਚ ਉਤੇਜਨਾ ਦੀ ਇੱਕ ਵਧੀਕ ਪਰਤ ਬਣ ਗਈ ਹੈ ਜਿਸਦਾ ਕਾਰਨ ਸਿਰਫ ਰੁੱਤਾਂ ਦੀ ਤਬਦੀਲੀ ਨਹੀਂ ਹੋ ਸਕਦਾ।

## ਕਲਾਇੰਟ ਸਪੌਟਲਾਈਟ - ਹੀਰੇ ਹਰ ਆਕਾਰ ਵਿੱਚ ਆਉਂਦੇ ਹਨ

*ਪਲੇਸਰਵਿਲੇ ਆਫਿਸ ਸਰਵਿਸ ਕੋਆਰਡੀਨੇਟਰ - ਡਾਇਨ ਮੌਰਿਸ (Diane Morris)*



ਪਰਿਵਾਰ ਦੇ ਘਰ ਵਿੱਚ ਇਹ ਇੱਕ ਹੋਰ ਆਮ ਰਾਤ ਸੀ ਜਦੋਂ ਔਟਿਜ਼ਮ ਵਾਲੇ ਇੱਕ ਅਲਟਾ ਕਲਾਇੰਟ, 5 ਸਾਲ ਦੇ ਮੈਥਿਆਸ ਨੇ ਦੇਖਿਆ ਕਿ ਉਸਦੀ ਦਾਦੀ "ਗਾਗਾ" ਉੱਚੀ-ਉੱਚੀ ਖੰਘ ਰਹੀ ਸੀ ਅਤੇ ਉਸ ਨੂੰ ਸਾਹ ਲੈਣ ਵਿੱਚ ਮੁਸ਼ਕਲ ਆ ਰਹੀ ਸੀ। ਉਹ ਤੇਜ਼ੀ ਨਾਲ ਹਰਕਤ ਵਿੱਚ ਆਇਆ ਅਤੇ 911 'ਤੇ ਕਾੱਲ ਕੀਤੀ ਅਤੇ ਫਿਰ ਆਪਣੀ ਮਾਂ ਨੂੰ ਜਗਾਉਣ ਲਈ ਗਿਆ ਅਤੇ ਉਸਨੂੰ ਦੱਸਿਆ ਕਿ ਗਾਗਾ ਸਾਹ ਨਹੀਂ ਲੈ ਰਹੀ ਸੀ ਅਤੇ ਉਸਨੇ ਮਦਦ ਲਈ ਕਾੱਲ ਕੀਤੀ ਸੀ। ਪੈਰਾਮੈਡਿਕਸ ਜਲਦੀ ਹੀ ਪਹੁੰਚ ਗਏ ਅਤੇ ਦੇਖਿਆ ਕਿ ਗਾਗਾ, ਜਿਸ ਨੂੰ ਡਾਇਬਿਟੀਜ਼ ਹੈ, ਦਾ ਬਲੱਡ ਸ਼ੂਗਰ ਦਾ ਪੱਧਰ 800 ਤੋਂ ਵੱਧ ਸੀ ਅਤੇ ਜੇਕਰ ਮਦਦ ਨਾ ਪਹੁੰਚੀ ਹੁੰਦੀ ਤਾਂ ਹੋਰ 30 ਮਿੰਟਾਂ ਵਿੱਚ ਉਹ ਕੋਮਾ ਵਿੱਚ ਚਲੀ ਜਾਂਦੀ। ਗਾਗਾ ਨੂੰ ਹਸਪਤਾਲ ਦੇ ICU ਵਿੱਚ ਲਿਜਾਇਆ ਗਿਆ ਅਤੇ ਉਹ 4 ਦਿਨਾਂ ਤੱਕ ਹਸਪਤਾਲ ਵਿੱਚ ਰਹੀ।



ਜਦੋਂ ਉਸਦੀ ਦਾਦੀ ਨੂੰ ਲੈ ਕੇ ਗਏ ਤਾਂ ਮੈਥਿਆਸ ਰੋਇਆ ਅਤੇ ਫਾਇਰਮੈਨ ਉਸ ਕੋਲ ਗਿਆ ਅਤੇ ਉਸਨੇ ਜੋ ਕੀਤਾ ਉਸ ਲਈ ਉਸਦੀ ਪ੍ਰਸ਼ੰਸਾ ਕੀਤੀ ਅਤੇ ਉਸਨੂੰ ਇੱਕ ਸਟਿੱਕਰ ਦਿੱਤਾ ਜਿਸ 'ਤੇ ਲਿਖਿਆ ਸੀ ਕਿ ਉਹ ਹੁਣ ਇੱਕ ਜੂਨੀਅਰ ਫਾਇਰਫਾਈਟਰ ਹੈ। ਗਾਗਾ ਘਰ ਵਾਪਸ ਆ ਸਕੀ ਅਤੇ ਮੈਥਿਆਸ ਨੇ ਜੋ ਕੀਤਾ ਅਤੇ ਜਿਸ ਤਰ੍ਹਾਂ ਉਹ ਐਮਰਜੈਂਸੀ ਵਿੱਚ ਪ੍ਰਤਿਕਿਰਿਆ ਕਰ ਸਕਿਆ ਸੀ, ਪਰਿਵਾਰ ਉਸਦੀ ਵਾਹ-ਵਾਹ ਕਰ ਰਿਹਾ ਸੀ। ਮੈਥਿਆਸ ਦੀ ਮਾਂ ਨੇ ਟਿੱਪਣੀ ਕੀਤੀ ਕਿ ਮੈਥਿਆਸ ਸਪੱਸ਼ਟ ਤੌਰ 'ਤੇ ਉਸ ਤੋਂ ਵੱਧ ਜਾਣਦਾ ਹੈ ਜੋ ਉਹ ਪ੍ਰਗਟ ਕਰ ਸਕਦਾ ਹੈ ਅਤੇ ਉਹ ਸਾਰੇ ਸਮਰਪਿਤ ਕੰਮ ਅਤੇ ਸਮਰਥਨ ਤੋਂ ਇਲਾਵਾ ਜੋ ਉਸਦੇ ਪਰਿਵਾਰ ਨੇ ਉਸ ਨੂੰ ਦਿੱਤਾ ਹੈ, ਉਸ ਦੇ ਹੁਨਰ ਅਤੇ ਗਿਆਨ ਨੂੰ ਵਿਕਸਤ ਕਰਨ ਵਿੱਚ ਮਦਦ ਕਰਨ ਲਈ ABA ਦੀਆਂ ਸੇਵਾਵਾਂ ਦਾ ਸਿਹਰਾ ਦਿੰਦੀ ਹੈ ਜੋ ਉਸਨੇ ਸਾਲਾਂ ਦੌਰਾਨ ਲਈਆਂ ਹਨ। ਸਾਡੇ ਇੱਕ ਕਲਾਇੰਟ ਦੇ ਜੀਵਨ ਵਿੱਚ ਇੱਕ ਹੋਰ ਚਮਕਦਾਰ ਪਲ। ਸਾਡੇ ਸਾਰਿਆਂ ਵਿੱਚ ਸ਼ਕਤੀਆਂ ਅਤੇ ਸੰਭਾਵਨਾਵਾਂ ਦਾ ਪ੍ਰਤੀਬਿੰਬ।

Alta California
Regional Center

# ਸਾਰੇ ਸਟਾਫ਼ ਦੀ ਮੀਟਿੰਗ

## ਵਰ੍ਹੇਗੰਢਾਂ ਨੂੰ ਮਨਾਉਣਾ



















## ਯਾਦਾਂ ਬਣਾਉਣੀਆਂ





## ਹੋਰ ਜਾਣਨਾ





## ਅਗਸਤ 2022









## ਕਲਾਇੰਟ ਸਪੌਟਲਾਈਟ
## ਮੈਟ ਹਰਮੇਟਜ਼ (MATT HARMETZ)

ਸਭ ਨੂੰ ਹੈਲੋ, ਮੇਰਾ ਨਾਮ ਮੈਟ ਗੈਰੇਥ ਹਰਮੇਟਜ਼ ਹੈ। ਮੈਂ 30 ਸਾਲਾਂ ਦਾ ਹਾਂ ਅਤੇ ਪਿਛਲੇ ਕੁਝ ਮਹੀਨਿਆਂ ਤੋਂ, ਮੈਂ ਨਿਊਰੋਡਾਇਵਰਸਿਟੀ, ਡਿਸਪ੍ਰੈਕਸੀਆ, ਅਤੇ ਔਟਿਜ਼ਮ ਦੇ ਨਾਲ ਆਪਣੇ ਅਨੁਭਵਾਂ 'ਤੇ ਇੱਕ ਕਿਤਾਬ ਲਿਖ ਰਿਹਾ ਹਾਂ। ਮੈਂ ਹਮੇਸ਼ਾ ਸਵੈ-ਸਹਾਇਤਾ ਕਿਤਾਬਾਂ ਤੋਂ ਪ੍ਰੇਰਿਤ ਅਤੇ ਉਤਸ਼ਾਹਿਤ ਰਿਹਾ ਹਾਂ। ਮੈਂ ਹਾਲ ਹੀ ਵਿੱਚ ਲੇਖਕ ਡੇਵੋਨ ਪ੍ਰਾਈਸ ਦੁਆਰਾ ਲਿਖੀਆਂ ਦੋ ਕਿਤਾਬਾਂ ਪੜ੍ਹੀਆਂ: "Laziness Does Not Exist" (ਆਲਸ ਮੌਜੂਦ ਨਹੀਂ ਹੈ), ਅਤੇ "Discovering the New Faces of Neurodiversity Unmaking Autism" (ਨਿਊਰੋਡਾਇਵਰਸਿਟੀ ਦੇ ਨਵੇਂ ਚਿਹਰਿਆਂ ਦੀ ਖੋਜ ਕਰਨਾ - ਔਟਿਜ਼ਮ ਦਾ ਨਕਾਬ ਉਤਾਰਨਾ) ਖਾਸ ਤੌਰ 'ਤੇ ਇਹਨਾਂ ਦੋ ਕਿਤਾਬਾਂ ਨੇ ਮੈਨੂੰ "ਇੱਕ ਘੱਟ ਲੋਕਾਂ ਦੁਆਰਾ ਵਰਤਿਆ ਗਿਆ ਰਸਤਾ" ਚੁਣਨ ਅਤੇ ਆਪਣੇ ਖੁਦ ਦਾ ਵਕੀਲ ਅਤੇ ਦੂਜਿਆਂ ਲਈ ਇੱਕ ਵਕੀਲ ਬਣਨ ਲਈ ਪ੍ਰੇਰਿਤ ਕੀਤਾ।

UC ਬਰਕਲੇ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ, ਮੈਂ ਲਾਸ ਵੇਗਾਸ ਵਿੱਚ ਇੱਕ ਵੱਡੇ ਹੋਟਲ/ਕਸੀਨੋ ਲਈ ਉਹਨਾਂ ਦੇ ਪ੍ਰਬੰਧਨ ਸਿਖਲਾਈ ਪ੍ਰੋਗਰਾਮ ਵਿੱਚ ਕੰਮ ਕੀਤਾ। ਇਹ ਨੌਕਰੀ ਬਹੁਤ ਮੁਸ਼ਕਲ ਸੀ ਕਿਉਂਕਿ ਔਟਿਜ਼ਮ ਅਤੇ ਡਿਸਪ੍ਰੈਕਸੀਆ ਦੇ ਕਾਰਨ ਨੌਕਰੀ ਦੇ ਜ਼ਿਆਦਾਤਰ ਕੰਮ ਮੇਰੇ ਲਈ ਬਹੁਤ ਜ਼ਿਆਦਾ ਮੁਸ਼ਕਲ ਸਨ। ਮੈਂ ਬਹੁਤ ਉਦਾਸ ਹੋ ਗਿਆ ਅਤੇ ਉਸ ਸਮੇਂ ਰੀਜਨਲ ਸੈਂਟਰ ਦਾ ਕਲਾਇੰਟ ਨਹੀਂ ਸੀ – ਅਤੇ ਮੈਨੂੰ ਇਹ ਨਹੀਂ ਪਤਾ ਸੀ ਕਿ ਮਦਦ ਲਈ ਕਿੱਥੇ ਜਾਣਾ ਹੈ।

ਆਖਰਕਾਰ, ਮੈਨੂੰ ਮਾਈਂਡ ਇੰਸਟੀਚਿਊਟ ਬਾਰੇ ਪਤਾ ਲੱਗਾ ਅਤੇ ਉਸਨੇ ਮੇਰੀ ਜ਼ਿੰਦਗੀ ਬਦਲ ਦਿੱਤੀ। ਮੈਂ ਫਲਾਈ ਬ੍ਰੇਵ ਫਾਊਂਡੇਸ਼ਨ ਲਈ ਸਵੈਸੇਵਾ ਕੀਤੀ ਅਤੇ ਜਨਤਕ ਤੌਰ 'ਤੇ ਬੋਲਣਾ ਸਿਖਾਇਆ ਅਤੇ ਸਾਥੀ ਹਾਣੀਆਂ ਲਈ ਲਾਈਫ ਕੋਚ ਸੀ। ਮੇਰੀ ਸਭ ਤੋਂ ਜ਼ਿਆਦਾ ਜ਼ਿਕਰਯੋਗ ਬੋਲਣ ਦੀ ਸ਼ਮੂਲੀਅਤ 2019 ਵਿੱਚ UCD MIND ਸਮਰ ਇੰਸਟੀਚਿਊਟ ਵਿੱਚ ਨਿਊਰੋਡਿਵੈਲਪਮੈਂਟਲ ਡਿਸਏਬਿਲਿਟੀਜ਼ ਉੱਤੇ ਬੋਲਣਾ ਸੀ। 2020 ਵਿੱਚ, ਮੈਨੂੰ ਇੱਕ ਰੀਜਨਲ ਸੈਂਟਰ ਦੇ ਵੈਂਡਰ, ਡਿਵੈਲਪਮੈਂਟਲ ਡਿਸਏਬਿਲਿਟੀਜ਼ ਸਰਵਿਸ ਆਰਗੇਨਾਈਜ਼ੇਸ਼ਨ (DDSO) ਤੋਂ ਸੇਵਾਵਾਂ ਪ੍ਰਾਪਤ ਹੋਈਆਂ, ਅਤੇ ਉਹਨਾਂ ਨੇ ਸੁਝਾਅ ਦਿੱਤਾ ਕਿ ਮੈਂ ਵਕਾੱਲਤ ਦੇ ਕੰਮ ਵਿੱਚ ਹੋਰ ਵਲੰਟੀਅਰ ਮੌਕਿਆਂ ਦੀ ਭਾਲ ਕਰਾਂ। ਇਸ ਦੇ ਨਤੀਜੇ ਵਜੋਂ ਮੈਂ Meristem ਵਿਖੇ ਇੱਕ ਵਲੰਟੀਅਰ ਦੇ ਅਹੁਦੇ ਬਾਰੇ ਪੁੱਛ-ਗਿੱਛ ਕੀਤੀ, ਪਰ ਸਿਰਫ਼ ਵਲੰਟੀਅਰ ਬਣਨ ਦੀ ਬਜਾਏ, ਮੈਨੂੰ Meristem ਲਈ ਇੱਕ ਵਰਕ ਸਕਿੱਲ ਇੰਸਟ੍ਰਕਟਰ ਅਤੇ ਟਰਾਂਸਫੋਰਮੇਟਿਵ ਔਟਿਜ਼ਮ ਪ੍ਰੋਗਰਾਮ (TAP) ਟ੍ਰੇਨਰ ਵਜੋਂ ਕੰਮ ਕਰਨ ਲਈ ਇੱਕ ਤਨਖਾਹ ਵਾਲੇ ਅਹੁਦੇ ਦੀ ਪੇਸ਼ਕਸ਼ ਕੀਤੀ ਗਈ। Meristem ਨਾਲ ਕੰਮ ਕਰਨ ਤੋਂ ਇਲਾਵਾ, ਮੈਂ ਕੈਲੀਫੋਰਨੀਆ ਸਟੇਟ ਟ੍ਰੇਜ਼ਰਰ ਦੇ ਆਫਿਸ ਵਿੱਚ CalABLE ਟੀਮ ਲਈ ਇੱਕ ਵਿਸ਼ਲੇਸ਼ਕ ਵਜੋਂ ਕੰਮ ਕੀਤਾ, ਇੱਕ ਅਜਿਹਾ ਪ੍ਰੋਗਰਾਮ ਜੋ ਅਪਾਹਜ ਆਬਾਦੀ ਲਈ ਟੈਕਸ ਵਿੱਚ ਫਾਇਦਾ ਦੇਣ ਵਾਲੀਆਂ ਬੱਚਤਾਂ ਅਤੇ ਨਿਵੇਸ਼ ਵਿਕਲਪਾਂ ਦੀ ਪੇਸ਼ਕਸ਼ ਕਰਦਾ ਹੈ।

ਕਿਸੇ ਅਜਿਹੇ ਵਿਅਕਤੀ ਲਈ, ਜੋ ਕਿਤਾਬ ਲਿਖਣਾ ਚਾਹੁੰਦਾ ਹੈ ਜਾਂ ਜਨਤਕ ਸਪੀਕਰ ਬਣਨਾ ਚਾਹੁੰਦਾ ਹੈ, ਮੇਰੀ ਸਭ ਤੋਂ ਵਧੀਆ ਸਲਾਹ ਹੈ "ਸ਼ੁਰੂ ਕਰੋ।" ਸ਼ੁਰੂਆਤ ਕਰਨਾ ਚੁਣੌਤੀਪੂਰਨ ਹੋ ਸਕਦਾ ਹੈ। ਇੱਕ ਵਾਰ ਜਦੋਂ ਤੁਸੀਂ ਪਹਿਲਾ ਵਾਕ ਲਿਖ ਲੈਂਦੇ ਹੋ, ਤਾਂ ਤੁਹਾਡੀ ਸੋਚ ਅਤੇ ਵਿਚਾਰ ਚਾਲੂ ਹੋ ਜਾਣਗੇ!
ਆਪਣੇ ਖਾਲੀ ਸਮੇਂ ਵਿੱਚ, ਮੈਂ ਤਾਸ਼ ਦੀ ਖੇਡ "ਮੈਜਿਕ: ਦਿ ਗੈਦਰਿੰਗ" ਖੇਡਣ ਅਤੇ ਐਨੀਮੇ ਖੇਡਣ ਦਾ ਅਨੰਦ ਲੈਂਦਾ ਹਾਂ।
ਮੇਰੀ ਆਉਣ ਵਾਲੀ ਕਿਤਾਬ ਅਤੇ ਯਾਤਰਾ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ਪ੍ਰੇਰਣਾ ਸਮੇਤ ਔਟਿਜ਼ਮ ਨਾਲ ਸੰਬੰਧਿਤ ਵਿਸ਼ਿਆਂ 'ਤੇ ਬਲੌਗ ਵਾਲੇ ਮੇਰੇ ਸੋਸ਼ਲ ਮੀਡੀਆ ਨੂੰ ਫਾਲੋ ਕਰੋ।

ਫੇਸਬੁੱਕ: https://www.facebook.com/Matt-Harmetz - Actually-Autistic-and-Neurodivergent-106206468837539/
ਲਿੰਕਡਇਨ: https://www.linkedin.com/in/mattharmetz/ - Website: https://www.mattharmetz.com/

## ਸਾਨੂੰ ਸਾਂਝਾ ਕਰਨਾ ਹੀ ਪਵੇਗਾ

ਸਾਡੀ ਆਲ-ਸਟਾਫ ਮੀਟਿੰਗ ਲਈ ACRC, ਔਟਿਜ਼ਮ ਵਾਲੇ ਪ੍ਰਦਰਸ਼ਨ ਕਲਾਕਾਰਾਂ ਦੇ ਇੱਕ ਪੁਰਸਕਾਰ ਜੇਤੂ ਸਮੂਹ, ਡ੍ਰੀਮ ਅਚੀਵਰਜ਼, ਦੁਆਰਾ ਮਨੋਰੰਜਨ ਪ੍ਰਦਾਨ ਕੀਤੇ ਜਾਣ ਲਈ ਸਹਿਮਤ ਹੋ ਗਿਆ। ਉਹਨਾਂ ਵਿੱਚ ਬਹੁਤ ਜ਼ਿਆਦਾ ਉਰਜਾ ਹੈ ਅਤੇ ਸਾਡੇ ਸਟਾਫ ਨੇ ਉਹਨਾਂ ਦਾ ਸੱਚਮੁੱਚ ਆਨੰਦ ਮਾਣਿਆ। ACRC ਕਾਰਜਕਾਰੀ ਸਟਾਫ ਦੇ ਨਾਲ ਤਸਵੀਰ ਵਿੱਚ ਡਰੀਮ ਅਚੀਵਰਸ - ਐਲਿਸ, ਲਾਰੈਂਸ, ਅਤੇ ਗ੍ਰੈਗਰੀ ਹਨ। ਕਿਰਪਾ ਕਰਕੇ ਉਹਨਾਂ ਦੇ ਫੇਸਬੁੱਕ ਪੇਜ ਨੂੰ ਦੇਖੋ, ਜਿਸ ਵਿੱਚ ਬੁਕਿੰਗ ਜਾਣਕਾਰੀ ਸ਼ਾਮਲ ਹੈ।

**https://www.facebook.com/dreamachieversband**



## ਕਲਾਇੰਟ ਕੋਨਾ

FUTURES FILMS
www.futuresfilms.org

ਕਲਾਇੰਟ ਐਡਵਾਈਜ਼ਰੀ ਕਮੇਟੀ (CAC) ਅਲਟਾ ਕੈਲੀਫੋਰਨੀਆ ਰੀਜਨਲ ਸੈਂਟਰਾਂ (ACRC) ਦੀ ਰਣਨੀਤਕ ਯੋਜਨਾ ਨੂੰ ਸਮਰਥਨ ਦੇਣ ਲਈ ਵਚਨਬੱਧ ਹੈ, ਖਾਸ ਤੌਰ 'ਤੇ ਹਾਊਸਿੰਗ ਦੇ ਫੋਕਸ ਖੇਤਰ ਵਿੱਚ। CAC "ਮੇਰੇ ਆਪਣੇ ਘਰ ਵਿੱਚ ਜੀਵਨ" ਨੂੰ ਦਰਸਾਉਣ ਲਈ ਇੱਕ ਛੋਟਾ ਵੀਡੀਓ ਬਣਾ ਰਿਹਾ ਹੈ। ਵੀਡੀਓ ਵਿੱਚ ਉਹਨਾਂ ਕਲਾਇੰਟਾਂ ਨੂੰ ਦਿਖਾਇਆ ਜਾਵੇਗਾ ਜੋ ਆਤਮ-ਨਿਰਭਰ ਜੀਵਨ ਸੇਵਾਵਾਂ, ਅਤੇ ਜੀਵਨ ਵਿੱਚ ਸਹਾਇਤਾ ਕਰਨ ਵਾਲੀਆਂ ਸੇਵਾਵਾਂ ਪ੍ਰਾਪਤ ਕਰਦੇ ਹਨ ਅਤੇ ਉਹਨਾਂ ਕਲਾਇੰਟਾਂ ਨੂੰ ਪ੍ਰਦਰਸ਼ਿਤ ਕਰੇਗਾ ਜੋ ਉਹਨਾਂ ਦੇ ਆਪਣੇ ਘਰ ਵਿੱਚ ਸੁਰੱਖਿਅਤ ਰਹਿਣ ਲਈ ਆਮ ਸਰੋਤ ਅਤੇ ਸਹਾਇਤਾ ਪ੍ਰਾਪਤ ਕਰਦੇ ਹਨ। ਇਸ ਪ੍ਰੋਜੈਕਟ ਦਾ ਟੀਚਾ ਹੈ 1) ਰਿਹਾਇਸ਼ ਦੇ ਵਿਕਲਪਾਂ ਬਾਰੇ ਜਾਗਰੂਕਤਾ ਵਧਾਉਣਾ ਅਤੇ 2) ਆਪਣੇ ਪਸੰਦੀਦਾ ਰਹਿਣ ਦੇ ਪ੍ਰਬੰਧ ਵਿੱਚ ਰਹਿਣ ਵਾਲੇ ਕਲਾਇੰਟਾਂ ਦੀ ਗਿਣਤੀ ਨੂੰ ਵਧਾਉਣਾ। CAC ਦੀ ਮੀਟਿੰਗ 12 ਜੁਲਾਈ ਅਤੇ 24 ਅਗਸਤ ਨੂੰ ਹੋਈ ਸੀ। ਉਹ ਫਿਊਚਰਜ਼ ਐਕਸਪਲੋਰਡ-ਫਿਲਮ ਅਤੇ ਮੀਡੀਆ ਸੇਵਾਵਾਂ ਦੇ ਨਿਦੇਸ਼ਕ, ਹੈਸਟਰ ਵੈਗਨਰ (Hester Wagner) ਤੋਂ ਸਹਾਇਤਾ ਪ੍ਰਾਪਤ ਕਰ ਰਹੇ ਹਨ। ਵੀਡੀਓ ਨੂੰ 31 ਅਕਤੂਬਰ ਨੂੰ ਸਰਵਿਸ ਕੋਆਰਡੀਨੇਟਰਾਂ ਲਈ ACRC ਦੀ ਕੋਆਰਡੀਨੇਟਡ ਫਿਊਚਰ ਪਲੈਨਿੰਗ ਟਰੇਨਿੰਗ ਦੇ ਨਾਲ ਸਾਂਝਾ ਕੀਤਾ ਜਾਵੇਗਾ।

ACRC ਦੀ CAC ਅਤੇ ਆਉਣ ਵਾਲੀਆਂ ਮੀਟਿੰਗਾਂ ਦੀ ਸੂਚੀ ਬਾਰੇ ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ 'ਤੇ ਜਾਓ:

https://www.altaregional.org/client-advisory-committee-cac.

## ACRC ਸਟਾਫ਼ ਕੰਮ ਕਰਦੇ ਹੋਏ



*ACRC ਸਟਾਫ਼ ਨੇ ਕੋਵਿਡ-19 ਰੈਪਿਡ ਟੈਸਟਾਂ ਅਤੇ PPE ਦੇ ਬੈਗ ਤਿਆਰ ਕਰਨ ਅਤੇ ਰਿਹਾਇਸ਼ੀ ਦੇਖਭਾਲ ਘਰਾਂ ਤੱਕ ਪਹੁੰਚਾਉਣ ਲਈ ਸਵੈਸੇਵਾ ਕੀਤੀ।*

## ਇਹ ਤਾਰੀਖ ਨੋਟ ਕਰ ਲਵੋ!!!
## ਸੈਂਟਾ ਡੇਅ - ਸ਼ੁੱਕਰਵਾਰ 9 ਦਸੰਬਰ
## ਵੱਡਾ, ਬਿਹਤਰ, ਅਤੇ ਸਮਾਵੇਸ਼ੀ




ACRC ਸਟਾਫ਼ ਇਸ ਸਮੇਂ ਇਸ ਸਾਲ ਦੀ ਯੋਜਨਾ ਬਣਾ ਰਿਹਾ ਹੈ। ਕਿਰਪਾ ਕਰਕੇ ACRC ਦੇ ਸੋਸ਼ਲ ਮੀਡੀਆ ਤੋਂ ਹੋਰ ਜਾਣਕਾਰੀ ਲਈ ਜੁੜੇ ਰਹੋ।







# ਸੇਵਾ ਪ੍ਰਦਾਤਾ ਸਪੌਟਲਾਈਟ - ਘੰਟੇ ਦੇ ਚਮਤਕਾਰ




*2021 ਵਿੱਚ, ACRC ਨੇ ਡੇਜੇਨਾ ਵਾਟਕਿੰਸ (Dejena Watkins) ਅਤੇ Denzell Green (ਡੇਨਜ਼ਲ ਗ੍ਰੀਨ) ਨੂੰ ਕਲਾਇੰਟਸ ਲਈ ਟੈਕਨਾਲੋਜੀ ਤੱਕ ਪਹੁੰਚ ਵਧਾਉਣ ਲਈ* ***Hour Miracles ILS*** *ਸ਼ੁਰੂ ਕਰਨ ਵਾਸਤੇ ਕਮਿਊਨਿਟੀ ਰਿਸੋਰਸ ਡਿਵੈਲਪਮੈਂਟ ਪਲਾਨ ਗ੍ਰਾਂਟ ਫੰਡ ਪ੍ਰਦਾਨ ਕੀਤੇ। ਸਾਨੂੰ ਉਹਨਾਂ ਦੇ ਪ੍ਰੋਗਰਾਮ ਬਾਰੇ ਇਹ ਜਾਣਕਾਰੀ ਸਾਂਝੀ ਕਰਦਿਆਂ ਖੁਸ਼ੀ ਹੋ ਰਹੀ ਹੈ।*

ਸਾਡਾ ਮਿਸ਼ਨ ਉਹਨਾਂ ਮੌਕਿਆਂ ਨੂੰ ਪੇਸ਼ ਕਰਨਾ ਅਤੇ ਉਜਾਗਰ ਕਰਨਾ ਹੈ ਜੋ ਅਸਮਰਥਤਾਵਾਂ ਵਾਲੇ ਪਰਿਵਾਰ ਅਤੇ ਸਾਡੇ ਗੁਆਂਢੀਆਂ ਨੂੰ ਉਹਨਾਂ ਦੇ ਭਾਈਚਾਰੇ ਵਿੱਚ ਸ਼ਾਮਲ ਕੀਤੇ ਜਾਣ ਅਤੇ ਉਹਨਾਂ ਸਮਾਜਿਕ ਸਬੰਧਾਂ ਨੂੰ ਬਣਾਈ ਰੱਖਣ ਲਈ ਕਮਿਊਨਿਟੀ ਰਣਨੀਤੀਆਂ ਸਿਖਾਉਣ ਦੇ ਸਮਰੱਥ ਬਣਾਉਣਗੇ। ਇੱਕ-ਨਾਲ-ਇੱਕ ਟੈਕਨੋਲੋਜੀ ਸੰਬੰਧੀ ਸਿਖਲਾਈ ਅਤੇ ਸਹਾਇਤਾ, ਸਿਖਲਾਈ ਕੇਂਦਰ ਜੋ ਕਿ ਸਥਾਨਕ ਸੰਸਥਾਵਾਂ ਤੋਂ ਕਲਾਸਾਂ/ਸਿਖਲਾਈ ਦੀ ਪੇਸ਼ਕਸ਼ ਕਰਦੇ ਹਨ, ਅਤੇ ਆਤਮ-ਨਿਰਭਰ ਹੋ ਕੇ ਰਹਿਣ ਦੇ ਹੁਨਰ ਨੂੰ ਬਿਹਤਰ ਬਣਾਉਣ ਲਈ ਸਲਾਹ ਸੇਵਾ ਦੁਆਰਾ ਅਸੀਂ ਅਜਿਹੀਆਂ ਉੱਚ-ਗੁਣਵੱਤਾ ਸੇਵਾਵਾਂ ਪ੍ਰਦਾਨ ਕਰਕੇ ਡਿਜੀਅਲ ਸਮਾਵੇਸ਼ ਨੂੰ ਯਕੀਨੀ ਬਣਾਉਣ ਲਈ ਕੰਮ ਕਰਦੇ ਹਾਂ ਜਿਨ੍ਹਾਂ ਦਾ ਟੀਚਾ ਸੁਤੰਤਰਤਾ, ਸਵੈ-ਨਿਰਣੇ, ਅਤੇ ਕਾਰਜਾਤਮਕ ਹੁਨਰਾਂ ਨੂੰ ਵਧਾਉਣਾ ਹੈ।

ਅਸੀਂ ਉੱਚ ਕੁਆਲਿਟੀ ਵਾਲੇ ਟੈਕਨਾਲੋਜੀ/ਉਪਕਰਨ ਲੋਨ 'ਤੇ ਦਿੰਦੇ ਹਾਂ ਜਿਨ੍ਹਾਂ ਵਿੱਚ ਲੈਪਟਾਪ, ਟੈਬਲੇਟ, ਡਾਟਾ ਸੌਫਟਵੇਅਰ ਅਤੇ ਸੇਵਾ, ਅਨੁਕੂਲ ਬਣਾਉਣ ਵਾਲੇ ਉਪਕਰਣ ਸ਼ਾਮਲ ਹੁੰਦੇ ਹਨ ਅਤੇ ਇਸ ਉਪਕਰਣ ਨੂੰ ਵਰਤਣ ਲਈ ਸਹਾਇਤਾ ਅਤੇ ਸਿਖਲਾਈ ਪ੍ਰਦਾਨ ਕਰਦੇ ਹਾਂ।

ਚਾਰ ਮੁੱਖ ਤੱਤ ਹਨ ਜੋ ਸਾਡੀ ਪਹੁੰਚ ਨੂੰ ਪ੍ਰਭਾਵਸ਼ਾਲੀ ਅਤੇ ਟਿਕਾਊ ਬਣਾਉਂਦੇ ਹਨ, ਅਤੇ ਉਹਨਾਂ ਵਿੱਚ ਸ਼ਾਮਲ ਹਨ: ਇੱਕ ਚਾਰ ਕਦਮਾਂ ਦੀ ਲੇਨਰ ਟੈਕ ਪ੍ਰਕਿਰਿਆ, ਸਾਡਾ "ਚਮਤਕਾਰੀ ਤਕਨੀਨਕੀ ਦਲ" (Miracle Tech Crew), ਸਸ਼ਕਤੀਕਰਨ, ਅਤੇ ਸਾਡਾ "ਚਮਤਕਾਰੀ ਤਕਨੀਕੀ ਹੱਬ" (Miracle Tech hub)।



**ਪ੍ਰਮੁੱਖ ਕਦਰਾਂ-ਕੀਮਤਾਂ**

**ਅਖੰਡਤਾ, ਸ਼ਮੂਲੀਅਤ, ਜ਼ਿੰਮੇਵਾਰੀ,**

**ਸਤਿਕਾਰ, ਵਿਭਿੰਨਤਾ, ਵਾਦਾ, ਭਾਈਚਾਰਾ,**

**ਸਮਾਨਤਾ, ਸਿੱਖਿਆ, ਤੰਦਰੁਸਤੀ, ਅਤੇ ਪਰਿਵਾਰ**



ਭਾਗੀਦਾਰ ਡੇਟਾ ਸੁਰੱਖਿਆ, ਬ੍ਰਾਉਜ਼ਿੰਗ ਸ਼ਿਸ਼ਟਤਾ ਵਿੱਚ ਸਿੱਖਿਅਤ ਹੋਣ ਦੀ ਉਮੀਦ ਕਰ ਸਕਦੇ ਹਨ, ਅਤੇ ਉਹਨਾਂ ਨੂੰ ਸਰੋਤਾਂ ਵੱਲ ਨਿਰਦੇਸ਼ਿਤ ਕੀਤਾ ਜਾਵੇਗਾ ਜਿੱਥੇ ਉਹ ਆਪਣੇ ਖੁਦ ਦੇ ਡਿਵਾਈਸ ਖਰੀਦ ਸਕਦੇ ਹਨ ਜਾਂ ਹਾਸਲ ਕਰ ਸਕਦੇ ਹਨ। ਸਾਡੇ ਨਾਲ ਮੈਂਬਰਸ਼ਿਪ ਲਈ ਰਜਿਸਟਰ ਕਰਨ ਨਾਲ, ਉਹਨਾਂ ਕੋਲ Hour Miracles ਤਕਨੀਕੀ ਹੱਬ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਕਈ ਤਰ੍ਹਾਂ ਦੀਆਂ ਆਨਲਾਈਨ ਸੇਵਾਵਾਂ ਤੱਕ ਵੀ ਪਹੁੰਚ ਹੋਵੇਗੀ ਜਿਨ੍ਹਾਂ ਦਾ ਟੀਚਾ ਉਹਨਾਂ ਨੂੰ ਸਥਾਨਕ ਸਮਾਗਮਾਂ, ਗਤੀਵਿਧੀਆਂ ਅਤੇ ਪ੍ਰੋਗਰਾਮਾਂ ਨਾਲ ਜੋੜਨਾ ਹੋਵੇਗਾ।

ਡਿਜੀਟਲ ਸਮਾਵੇਸ਼ ਨੂੰ ਅੱਗੇ ਵਧਾਉਣ ਲਈ ਸਾਡੀ ਪਹੁੰਚ ਵਿੱਚ Miracles Tech ਵਰਕਰ ਮੁੱਖ ਭਾਗ ਹਨ। ਉਹ ਭਾਗੀਦਾਰਾਂ ਨੂੰ ਇੰਟਰਨੈਟ ਦੀ ਵਰਤੋਂ ਕਰਨ ਦੇ ਲਾਭ ਸਿਖਾ ਕੇ ਅਤੇ ਉਹਨਾਂ ਨੂੰ ਸਧਾਰਨ ਆਨਲਾਈਨ ਕੰਮ, ਜਿਵੇਂ ਕਿ ਈਮੇਲ/ਜ਼ੂਮ ਸੈੱਟਅੱਪ, ਪਾਸਵਰਡ ਸੁਰੱਖਿਆ, ਆਦਿ ਕਰਨ ਦੇ ਤਰੀਕਿਆਂ ਬਾਰੇ ਮਾਰਗਦਰਸ਼ਨ ਦੇ ਕੇ ਸਸ਼ਕਤ ਮਹਿਸੂਸ ਕਰਨ ਵਿੱਚ ਉਹਨਾਂ ਦੀ ਮਦਦ ਕਰਦੇ ਹਨ। ਉਹ ਸਲਾਹਕਾਰ, ਨੌਕਰੀ ਕੋਚ, ਵਲੰਟੀਅਰ, ਪਰਿਵਾਰ ਅਤੇ ਦੋਸਤਾਂ ਦੇ ਰੂਪ ਵਿੱਚ ਆਉਂਦੇ ਹਨ। ਰਚਨਾਤਮਕਤਾ ਅਤੇ ਡਿਜੀਟਲ ਹੁਨਰਾਂ ਦੀ ਲੋੜ ਲਈ ਇੱਕ ਮਜ਼ਬੂਤ ਸਮਝ ਉਹਨਾਂ ਦੇ ਜਨੂੰਨ ਨੂੰ ਮਦਦ ਕਰਨ ਲਈ ਪ੍ਰੇਰਿਤ ਕਰਦੀ ਹੈ।

ਇੱਕ ਵਿਅਕਤੀ-ਕੇਂਦਰਿਤ ਪਹੁੰਚ ਦੀ ਵਰਤੋਂ ਕਰਦੇ ਹੋਏ, Miracles Tech ਦੇ ਵਰਕਰ ਲੋਕਾਂ ਨੂੰ ਉਹਨਾਂ ਦੀ ਯੋਗਤਾ ਦੇ ਸਥਾਨ 'ਤੇ ਮਿਲਦੇ ਹਨ ਅਤੇ ਸਹਾਇਤਾ ਪ੍ਰਦਾਨ ਕਰਨ ਦੇ ਸਭ ਤੋਂ ਵਧੀਆ ਤਰੀਕੇ ਤੱਕ ਪਹੁੰਚਣ ਵਿੱਚ ਮਦਦ ਕਰਨ ਲਈ ਤਕਨੀਕੀ ਪਹੁੰਚ ਯੋਜਨਾ (TAP) ਦੇ ਨਾਲ ਨਿੱਜੀ ਦਿਲਚਸਪੀ ਦੀ ਵਰਤੋਂ ਕਰਦੇ ਹਨ। ਧੀਰਜ, ਸ਼ਾਨਦਾਰ ਸੰਚਾਰ ਹੁਨਰ, ਸਿਰਜਣਾਤਮਕਤਾ, ਸੰਗਠਨ ਅਤੇ ਖੁੱਲ੍ਹਾਪਨ ਇਹ ਸਾਰੇ ਜ਼ਰੂਰੀ ਹੁਨਰ ਹਨ ਜੋ ਹਰੇਕ ਵਿਅਕਤੀ ਦੇ ਹਾਲਾਤਾਂ ਪ੍ਰਤੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਦੇ ਨਾਲ ਸਹਾਇਤਾ ਪ੍ਰਦਾਨ ਕਰਦੇ ਸਮੇਂ ਸਫਲਤਾ ਨੂੰ ਅੱਗੇ ਵਧਾਉਂਦੇ ਹਨ। (916) 671-6181 ਜਾਂ ਈਮੇਲ info@hourmiraclesils.com

# ਸਰੋਤ ਵਿਕਾਸ ਬਾਰੇ ਅੱਪਡੇਟ

ਪਿਛਲੀ ਤਿਮਾਹੀ ਵਿੱਚ ਸਰੋਤ ਤਬਦੀਲੀਆਂ

## ਨਵੇਂ ਸੇਵਾ ਪ੍ਰਦਾਤਾ

**ਸਮਾਜਿਕ ਮਨੋਰੰਜਨ/ਸਪੋਰਟਸ ਕਲੱਬ**
ਅਚੀਵ ਟਾਹੋ (Achieve Tahoe)

**ਵਿਅਕਤੀ ਕੇਂਦਰਿਤ ਯੋਜਨਾ ਪ੍ਰਦਾਤਾ**
ਸਟਾਰਪੁਆਇੰਟ ਕੰਸਲਟਿੰਗ (PCP)

**ਸੰਗੀਤ ਥੈਰੇਪਿਸਟ**
ਮਿਊਜ਼ਿਕ ਟੂ ਗ੍ਰੋ ਆਨ (ਵਧਣ ਲਈ ਸੰਗੀਤ)

**ਜਰਾਚਿਕਿਤਸਾ ਸਹੂਲਤ**
ਦਿ ਕਾਟੇਜ (The Cottage)

**ਵਿਅਕਤੀਗਤ ਅਤੇ ਪਰਿਵਾਰਕ ਸਿਖਲਾਈ**
ਲੈਵਲ ਅੱਪ ਨਾਰਕਲ (Level Up Norcal)

**ਭਾਸ਼ਣ ਰੋਗ ਵਿਗਿਆਨ**
ਸਪੀਚਜੀਕ ਇੰਕ (Speechgeek Inc)
ਪਾਥਵੇਅਸ ਸਪੀਚ, ਲੈਂਗਵੇਜ਼, ਅਤੇ ਕੋਗਨੈਟਿਵ ਥੈਰੇਪੀ
ਸਾਰਾਹ ਗ੍ਰੇ (Sarah Gray), SLP

**ਕੈਂਪ**
UCP ਕੈਂਪ
TRS ਸੈਕ ਕਾਉਂਟੀ ਖੇਤਰੀ ਪਾਰਕਾਂ ਦਾ ਵਿਭਾਗ

**ਟਰਾਂਸਪੋਰਟ ਕੰਪਨੀ**
ਵੀਜ਼ੀ ਗੈਰ-ਐਮਰਜੈਂਸੀ ਟ੍ਰਾਂਸਪੋਰਟੇਸ਼ਨ (Veasey Non-Emergency Transportation)

**ਹੋਰ ਡਾਕਟਰੀ ਸੇਵਾਵਾਂ**
ਰਿਜਲਾਈਨ ਪੀਡਿਆਟ੍ਰਿਕ - ਔਬਰਨ (Ridgeline Pediatric - Auburn)

**ਸਹਾਇਤਾ ਨਾਲ ਜਿਉਣ ਦੀਆਂ ਸੇਵਾਵਾਂ**
ਉਪੈਂਡੋ ਕੇਅਰ ਸਰਵਿਸਿਜ਼ (Upendo Care Services)
ਡੈਸਟਿੰਡ ਫਾਰ ਡਿਗਨਿਟੀ (Destined 4 Dignity)

**ਰਿਹਾਇਸ਼ੀ - ਬੱਚੇ**
ਪੈਨਿਅਲ ਕੇਅਰ (Peniel Care)

**ਰਿਹਾਇਸ਼ੀ - ਬਾਲਗ**
ਸਨਰਾਈਜ਼ ਕੇਅਰਹੋਮ, ਇੰਕ. (Sonrise CareHome, Inc.)
ਏਮਰਲਡ ਹੋਮ (Emerald Home)

### ਡੇਅ ਪ੍ਰੋਗਰਾਮਾਂ ਅਤੇ ਰੁਜ਼ਗਾਰ ਦਾ ਪੁਨਰ-ਨਿਰਮਾਣ ਕਰਨਾ
### ਸੇਵਾ ਪ੍ਰਦਾਤਾਵਾਂ ਲਈ ਸਰਵਿਸ ਵਰਕਸ਼ਾਪ

ਜਿਵੇਂ ਕਿ ਸੇਵਾ ਪ੍ਰਦਾਤਾ 1 ਜਨਵਰੀ, 2023 ਨੂੰ ਵਿਕਲਪਕ ਸੇਵਾਵਾਂ ਦੀ ਬਿਲਿੰਗ ਦੀ ਸਮਾਪਤੀ ਲਈ ਤਿਆਰੀ ਕਰ ਰਹੇ ਹਨ, ਇਸ ਬਾਰੇ ਬਹੁਤ ਸਾਰੇ ਸਵਾਲ ਸਾਹਮਣੇ ਆਏ ਹਨ ਕਿ ਸਾਡੇ ਭਾਈਚਾਰੇ ਦੀਆਂ ਬਦਲਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪ੍ਰੋਗਰਾਮਾਂ ਨੂੰ ਕਿਵੇਂ ਸੋਧਿਆ ਜਾ ਸਕਦਾ ਹੈ। 12 ਅਕਤੂਬਰ, 2022 ਨੂੰ, ACRC ਦਿਨ ਦੇ ਪ੍ਰੋਗਰਾਮ ਅਤੇ ਰੋਜ਼ਗਾਰ ਸੇਵਾਵਾਂ ਦੇ ਪ੍ਰਦਾਤਾਵਾਂ ਲਈ ਵਿਚਾਰ ਸਾਂਝੇ ਕਰਨ, ਪ੍ਰੋਗਰਾਮ ਦੀਆਂ ਵਾਧੂ ਲੋੜਾਂ, HCBS ਅੰਤਿਮ ਨਿਯਮ ਦੇ ਵਿਚਾਰਾਂ, ਅਤੇ ਲੋੜ ਅਨੁਸਾਰ ਤਿਆਰ ਕੀਤੀਆਂ ਦਿਨ ਦੀਆਂ ਸੇਵਾਵਾਂ (Tailored Day Services) ਦੀ ਵਰਤੋਂ ਕਰਨ ਦੇ ਨਵੇਂ ਤਰੀਕਿਆਂ ਬਾਰੇ ਚਰਚਾ ਕਰਨ ਲਈ ਇੱਕ ਵਰਕਸ਼ਾਪ ਦੀ ਮੇਜ਼ਬਾਨੀ ਕਰੇਗਾ। ਡਿਸਏਬਿਲਟੀ ਥ੍ਰਾਈਵ ਇਨੀਸ਼ੀਏਟਿਵ (https://scdd.ca.gov/iddthrive) ਨੇ ACRC ਪ੍ਰਦਾਤਾਵਾਂ ਨੂੰ ਸਰੋਤ ਪ੍ਰਦਾਨ ਕਰਨ ਲਈ ਵਰਕਸ਼ਾਪ ਵਿੱਚ ਸ਼ਾਮਲ ਹੋਣ ਲਈ ਸਹਿਮਤੀ ਦਿੱਤੀ ਹੈ।

DISABILITY THRIVE INITIATIVE
Advancing Servies and Supports for the IDD Community

## ਬੰਦ ਸੇਵਾ ਪ੍ਰਦਾਤਾ

**ਭਾਸ਼ਣ ਰੋਗ ਵਿਗਿਆਨ**
ਬ੍ਰਾਂਡੀ ਲਨਗ੍ਰੇਨ (Brandi Lungren) - ਵਿਕ੍ਰੇਤਾ ਬੇਨਤੀ

**ਆਕਿਊਪੇਸ਼ਨਲ ਥੈਰੇਪੀ (ਪੇਸ਼ਾਵਰ ਚਿਕਿਤਸਾ)**
ਈਸਟਰ ਸੀਲਜ਼ ਸੋਸਾਇਟੀ ਥੈਰੇਪੀ - ਪੂਲ ਦੇ ਨਾਲ ਵੇਚੀ ਗਈ ਜਾਇਦਾਦ

**ਰਿਹਾਇਸ਼ੀ**
ਐਂਡਰਸਨ ਅਡਲਟ ਰੈਜੀਡੈਂਸ਼ਿਅਲ - ਗੁਣਵੱਤਾ ਭਰੋਸੇ ਦੇ ਮੁੱਦੇ, ਲਾਇਸੈਂਸ ਬੰਦ।

## ਨੰਬਰਾਂ ਦੁਆਰਾ ACRC

***ਕੀ ਤੁਸੀਂ ਜਾਣਦੇ ਹੋ ਕਿ ACRC ਵਿੱਚ ਸਾਲਾਨਾ ਲਗਭਗ 1000 ਕਲਾਇੰਟ ਵੱਧ ਰਹੇ ਹਨ?***

**15 ਸਤੰਬਰ, 2022 ਤੱਕ ਅਸੀਂ ਜਿਨ੍ਹਾਂ ਨੂੰ ਸੇਵਾ ਦੇ ਰਹੇ ਹਾਂ ਉਹ ਇਸ ਤਰ੍ਹਾਂ ਹਨ:**

ਅਰਲੀ ਸਟਾਰਟ - 2293

ਲੈਂਟਰਮੈਨ ਕਲਾਇੰਟ - 25,418

ਕੁੱਲ = 27,711

## ਵਿਸ਼ੇਸ਼ ਕਲਾਕਾਰ ਪ੍ਰੋਫਾਈਲ



ਮੇਰਾ ਨਾਮ ਜੇਮਲ ਸ਼ਾਂਟੇ ਵਿਲੀਅਮਜ਼ (Jemel Shante Williams) ਹੈ; ਮੈਂ 20 ਸਾਲਾਂ ਤੋਂ ਇੱਕ ਮਿਸ਼ਰਤ ਮੀਡੀਆ ਕਲਾਕਾਰ ਰਿਹਾ ਹਾਂ। ਮੇਰੀ ਜ਼ਿਆਦਾਤਰ ਪ੍ਰੇਰਨਾ ਕੁਦਰਤ ਦੇ ਰੰਗਾਂ ਤੋਂ ਮਿਲਦੀ ਹੈ, ਅਤੇ ਮੈਂ ਅਜਾਇਬ ਘਰ ਅਤੇ ਖੋਜ, ਦੋਵਾਂ ਵਿੱਚ ਦੂਜੇ ਕਲਾਕਾਰਾਂ ਅਤੇ ਮੇਰੇ ਸਾਥੀਆਂ ਦੁਆਰਾ ਪ੍ਰੇਰਿਤ ਹਾਂ। ਮੈਂ ਗਹਿਣਿਆਂ ਨਾਲ ਬਹੁਤ ਕੰਮ ਕਰਦਾ ਹਾਂ- ਮੈਨੂੰ ਬ੍ਰੇਸਲੇਟ, ਹਾਰ, ਅਤੇ ਕੰਨ ਦੀਆਂ ਵਾਲੀਆਂ ਬਣਾਉਣਾ ਪਸੰਦ ਹੈ। ਮੈਂ ਸਾਰੀਆਂ ਕਿਸਮਾਂ ਦੀਆਂ ਸ਼ੈਲੀਆਂ ਨੂੰ ਸ਼ਾਮਲ ਕਰਦਾ ਹਾਂ, ਜਿਵੇਂ ਕਿ ਕੁਦਰਤੀ ਪੱਥਰ, ਸਮੁੰਦਰੀ ਗਲਾਸ, ਅਤੇ ਨਾਲ ਹੀ ਚਮਕਦਾਰ ਬਲਿੰਗ। ਮੈਂ ਕੈਨਵਸ 'ਤੇ ਐਕਰੀਲਿਕ ਨਾਲ ਪੇਂਟਿੰਗ ਦਾ ਵੀ ਅਨੰਦ ਲੈਂਦਾ ਹਾਂ; ਮੈਨੂੰ ਲੈਂਡਸਕੇਪ, ਜਾਨਵਰ ਅਤੇ ਛੁੱਟੀਆਂ ਦੇ ਥੀਮ ਵਾਲੀਆਂ ਪੇਂਟਿੰਗਾਂ ਬਣਾਉਣਾ ਪਸੰਦ ਹੈ। ਰੰਗਾਂ ਨੂੰ ਮਿਲਾਉਣਾ ਮੇਰਾ ਮਨਪਸੰਦ ਹਿੱਸਾ ਹੈ, ਅਤੇ ਕੈਨਵਸ 'ਤੇ ਰੌਸ਼ਨੀ ਦੀ ਚਮਕ ਦੇਖਣਾ। ਮੈਨੂੰ ਸੈਰਾਮਿਕਸ ਵਿੱਚ ਆਪਣੇ ਹੱਥਾਂ ਨੂੰ ਗੰਦਾ ਕਰਨਾ, ਅਤੇ ਮਿੱਟੀ ਨੂੰ ਪਛਾਣਨ ਯੋਗ ਵਸਤੂਆਂ ਵਿੱਚ ਢਾਲਣਾ ਪਸੰਦ ਹੈ। ਮੇਰੇ ਕੁਝ ਮਨਪਸੰਦ ਸੇਰਾਮਿਕ ਟੁਕੜੇ ਮੇਰੇ ਸਮੁੰਦਰ-ਥੀਮ ਵਾਲੇ, ਇੱਕ ਪੰਪ ਦੁਆਰਾ ਵਗਦੇ ਪਾਣੀ ਦੇ ਨਾਲ ਸਮੁੰਦਰੀ ਝਰਨੇ ਦੇ ਨਾਲ-ਨਾਲ ਰੰਗੀਨ ਤਿਤਲੀਆਂ, ਡਰੈਗਨਫਲਾਈਜ਼ ਅਤੇ ਫੁੱਲਾਂ ਵਿੱਚ ਢੱਕੇ ਹੋਏ ਮੇਰੇ ਪੰਛੀਆਂ ਦੇ ਨਹਾਉਣ ਵਾਲੇ ਸਥਾਨ ਹਨ। ਕਲਾ ਕ੍ਰਿਤੀਆਂ ਬਣਾਉਣਾ ਮੇਰੀ ਆਪਣੇ ਆਪ ਨੂੰ ਪ੍ਰਗਟਾਉਣ ਵਿੱਚ ਮਦਦ ਕਰਦਾ ਹੈ- ਜੇਕਰ ਮੈਂ ਖੁਸ਼ ਮਹਿਸੂਸ ਕਰ ਰਿਹਾ ਹਾਂ ਤਾਂ ਮੈਂ ਨਿੱਘੀਆਂ, ਹਲਕੀਆਂ ਟੋਨਾਂ ਦੀ ਵਰਤੋਂ ਕਰਦਾ ਹਾਂ, ਅਤੇ ਜੇਕਰ ਮੈਂ ਨਿਰਾਸ਼ ਮਹਿਸੂਸ ਕਰ ਰਿਹਾ ਹਾਂ ਤਾਂ ਮੈਂ ਨਿਰਪੱਖ ਅਤੇ ਗੂੜ੍ਹੀਆਂ ਟੋਨਾਂ ਦੀ ਵਰਤੋਂ ਕਰਦਾ ਹਾਂ।

ਮੈਂ ਆਪਣੇ ਖੁਦ ਦੇ ਵਿਸਥਾਰ ਵਜੋਂ ਕਲਾਕਾਰੀ ਬਣਾਉਂਦਾ ਹਾਂ; ਮੈਂ ਹਰ ਕਲਾ ਦੇ ਟੁਕੜੇ ਵਿੱਚ ਆਪਣੇ-ਆਪ ਦਾ ਇੱਕ ਟੁਕੜਾ ਪਾਉਣਾ ਚਾਹੁੰਦਾ ਹਾਂ।

**ਅਸੀਂ ਤੁਹਾਡਾ ਕੰਮ ਕਿਵੇਂ ਖਰੀਦ ਸਕਦੇ ਹਾਂ?** ਲੋਕ ਯਕੀਨਨ ਮੈਨੂੰ jemelwilliams84@gmail.com 'ਤੇ ਈਮੇਲ ਕਰ ਸਕਦੇ ਹਨ ਜਾਂ ਉਹ ਸਾਊਥਸਾਈਡ ਅਨਲਿਮਟਿਡ ਵਰਕ ਔਫ਼ ਆਰਟ ਗੈਲਰੀ ਡਾਇਰੈਕਟਰਾਂ ਰਾਹੀਂ ਮੇਰੇ ਤੱਕ ਪਹੁੰਚ ਸਕਦੇ ਹਨ। - https://www.woastudios.com/southsac





